In the name of Allah the Most Gracious the Ever Merciful

بسم اللہ الرحمن الرحیم

Press Desk
Ahmadiyya Muslim Jamaat
INTERNATIONAL
(INDIA)

شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

Ref/از حوالہ **415**

Date/تاریخ **31-03-2025**

## ਈਦ-ਉਲ-ਫਿਤਰ ਹਮਦਰਦੀ ਇਨਸਾਨੀਅਤ ਦਾ ਸੰਦੇਸ਼ ਲੈ ਕੇ ਆਉਂਦਾ ਹੈ।

### ਇਨਸਾਨਾਂ ਤੇ ਸ਼ਫ਼ਕਤ ਅਤੇ ਉਹਨਾਂ ਨਾਲ ਹਮਦਰਦੀ ਕਰਨਾ ਬਹੁਤ ਵੱਡੀ ਇਬਾਦਤ ਹੈ ,ਅਤੇ ਖੁਦਾ ਦੀ ਰਜ਼ਾ ਹਾਸਲ ਕਰਨ ਦੇ ਲਈ ਇਹ ਇੱਕ ਜ਼ਬਰਦਸਤ ਜਰੀਆ ਹੈ ----- ਬਾਨੀ ਜਮਾਤ ਅਹਿਮਦੀਆ

ਰਮਜ਼ਾਨ-ਉਲ-ਮੁਬਾਰਕ ਦੀ ਪਵਿੱਤਰ ਸਮਾਪਤੀ ਤੇ ਮੁਸਲਮਾਨ ਖੁਦਾ ਤਾਲਾ ਦੀ ਹਮਦ-ਸਨਾ ਕਰਦੇ ਹੋਏ ਈਦ ਉਲ-ਫ਼ਿਤਰ ਮਨਾਉਂਦੇ ਹਨ| ਸੱਚਾਈ ਸਲਾਮਤੀ ਗਰੀਬ ਪਰਵਰੀ ਹਮਦਰਦੀ ਇਨਸਾਨੀਅਤ ਅਤੇ ਲੋਕਾਂ ਨਾਲ ਸ਼ਫ਼ਕਤ ਉਹ ਸਿਫਤਾ ਹਨ ਜੋ ਰਮਜ਼ਾਨ ਦੇ ਰੋਜ਼ੇ ਮੁਸਲਮਾਨਾਂ ਦੇ ਅੰਦਰ ਪੈਦਾ ਕਰਨ ਲਈ ਅਾਉਦੇ ਹਨ ਅਤੇ ਹੁਣ ਇਸ ਪਵਿੱਤਰ ਮਹੀਨੇ ਦੀ ਸਮਾਪਤੀ ਤੇ ਈਦ ਦਾ ਦਿਨ ਇਹ ਪ੍ਰਣ ਕਰਨ ਦਾ ਦਿਨ ਹੈ ਕਿ ਜੋ ਸਿੱਖਿਆ ਸਾਨੂੰ ਰਮਜ਼ਾਂਨ ਨੇ ਦਿੱਤੀ ਹੈ ਉਸ ਨੂੰ ਅਸੀਂ ਆਪਣੀ ਜ਼ਿੰਦਗੀ ਵਿੱਚ ਹਮੇਸ਼ਾਂ ਦਾ ਹਿੱਸਾ ਬਣਾਈਏ ।

ਇਸਲਾਮੀ ਸਿੱਖਿਆਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਅੱਲ੍ਹਾ ਦੇ ਹੱਕਾਂ ਦੀ ਅਦਾਇਗੀ ਦੇ ਨਾਲ ਨਾਲ ਇਨਸਾਨਾਂ ਦੇ ਹੱਕਾਂ ਦੀ ਅਦਾਇਗੀ ਦੀ ਵੀ ਵਿਸ਼ੇਸ਼ ਤੌਰ ਤੇ ਸਿੱਖਿਆ ਦਿੱਤੀ ਗਈ ਹੈ । ਮਖ਼ਲੂਕ ਖ਼ੁਦਾ ਤੇ ਸ਼ਫਕਤ ਕਰਨ ਦੇ ਲਈ ਰਮਜਾਂਨ ਦੀ ਈਦ ਵਿੱਚ ਇਬਾਦਤਾਂ ਦੇ ਨਾਲ-ਨਾਲ ਸਦਕਾ ਤੁਲ ਫਿਤਰ ਨੂੰ ਜ਼ਰੂਰੀ ਠਹਿਰਾਇਆ ਗਿਆ ਹੈ । ਇਥੋਂ ਤੱਕ ਕੇ ਨਮਾਜ਼ੇ ਈਦ ਵਿੱਚ ਜਾਣ ਤੋਂ ਪਹਿਲਾਂ ਹੀ ਗਰੀਬਾਂ ਦੇ ਹੱਕ ਦੀ ਅਦਾਇਗੀ ਲਈ ਸਦਕਾ ਤੁਲ ਫਿਤਰ ਅਦਾ ਕਰਨਾ ਜ਼ਰੂਰੀ ਹੈ ,ਤਾਂ ਜੋ ਮਸਕੀਨਾ ਨੂੰ ਵੀ ਈਦ ਦੀ ਖੁਸ਼ੀਆਂ ਵਿੱਚ ਸ਼ਾਮਲ ਕੀਤਾ ਜਾ ਸਕੇ । ਗਰੀਬਾਂ ਨੂੰ ਆਪਣੀ ਖੁਸ਼ੀਆਂ ਵਿੱਚ ਸ਼ਾਮਲ ਕਰਕੇ ਹੀ ਇਕ ਮੁਸਲਮਾਨ ਈਦ ਦੀ ਹਕੀਕੀ ਖੁਸ਼ੀਆਂ ਪ੍ਰਾਪਤ ਕਰ ਸਕਦਾ ਹੈ ।

ਬਾਨੀ ਜਮਾਤ ਅਹਿਮਦੀਆ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦਿਆਨੀ ਮਸੀਹੇ ਮਾਊਦ ਵ ਮਹਿਦੀ ਮਾਊਦ ਅਲੈਹਸਲਾਮ ਜੀ ਫਰਮਾਉਂਦੇ ਹਨ -

"ਇਨਸਾਨਾਂ ਤੇ ਸ਼ਫ਼ਕਤ ਅਤੇ ਉਸ ਨਾਲ ਹਮਦਰਦੀ ਕਰਨਾ ਬਹੁਤ ਵੱਡੀ ਇਬਾਦਤ ਹੈ ਅਤੇ ਅੱਲ੍ਹਾ ਤਾਲਾ ਦੀ ਰਜ਼ਾ ਪ੍ਰਾਪਤ ਕਰਨ ਦੇ ਲਈ ਇਹ ਇਕ ਜ਼ਬਰਦਸਤ ਜ਼ਰੀਆ ਹੈ "

ਮੁਸਲਿਮ ਜਮਾਤ ਅਹਿਮਦੀਆ ਦੇ ਪੰਜਵੇਂ ਆਲਮਗੀਰ ਇਮਾਮ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਖ਼ਲੀਫ਼ਾ ਤੁਲ ਮਸੀਹ ਨੇ ਈਦ ਮਨਾਉਣ ਦਾ ਮਕਸਦ ਬਿਆਨ ਫਰਮਾਉਂਦੇ ਹੋਏ ਜਮਾਤ ਨੂੰ ਇਹ ਸੰਦੇਸ਼ ਦਿਤਾ ਹੈ ਕਿ--

“ਈਦ ਵਾਲਾ ਦਿਨ ਸਿਰਫ ਇੱਕ ਤਿਉਹਾਰ ਮਨਾਉਣ ਦੀ ਤਰ੍ਹਾਂ ਜਮਾਂ ਹੋਣ ਦਾ ਦਿਨ ਨਹੀਂ ਹੈ। ਬਲਕਿ ਇਸ ਵਿਚ ਅੱਲਾ ਤਾਅਲਾ ਨੇ ਜੋ ਕੰਮ ਸਾਡੇ ਸਪੁਰਦ ਕੀਤੇ ਹਨ ਉਹਨਾਂ ਦਾ ਆਮ ਦਿਨਾਂ ਤੋਂ ਵੱਧ ਕੇ ਹਕ ਅਦਾ ਕਰਨਾ ਜ਼ਰੂਰੀ ਹੈ । ਆਪਣੀ ਇਬਾਦਤ ਦੇ ਹੱਕ ਵੀ ਅਦਾ ਕਰਨਾ ਜ਼ਰੂਰੀ ਹਨ , ਅਤੇ ਬੰਦਿਆਂ ਦੇ ਹੱਕ ਅਦਾ ਕਰਨ ਦੀ ਜੋ ਹਰ ਮੋਮਿਨ ਦੀ ਜ਼ਿੰਮੇਵਾਰੀ ਹੈ ਉਸ ਨੂੰ ਅਦਾ ਕਰਨਾ ਵੀ ਜ਼ਰੂਰੀ ਹੈ "

"ਇਸੇ ਤਰ੍ਹਾਂ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਫਰਮਾਉਂਦੇ ਹਨ:

"ਜੇਕਰ ਅਸੀਂ ਅੱਲਾਹ ਤਆਲਾ ਦੇ ਹੁਕਮਾਂ ਉਤੇ ਚਲਦੇ ਹੋਏ, ਸਿਰਫ਼ ਹਕੂਕੁੱਲਾਹ (ਅੱਲਾਹ ਦੇ ਹੱਕ) ਅਦਾ ਕਰੀਏ ਪਰ ਹਕੂਕੁਲ ਇਬਾਦ (ਅੱਲਾਹ ਦੀ ਮਖ਼ਲੂਕ ਦੇ ਹੱਕ) ਪੂਰੇ ਨਾ ਕਰੀਏ, ਤਾਂ ਅਸੀਂ ਅੱਲਾਹ ਤਆਲਾ ਦੇ ਹੁਕਮ ਤੋਂ ਦੂਰ ਜਾ ਰਹੇ ਹੋਵਾਂਗੇ। ਪਰ ਜੇਕਰ ਅਸੀਂ ਇਹ ਹੱਕ ਅਦਾ ਕਰਾਂਗੇ, ਤਾਂ ਇਹ ਸਾਡੀ ਮਗ਼ਫ਼ਿਰਤ (ਮਾਫ਼ੀ) ਦਾ ਵੀ ਜਰੀਆ ਬਣੇਗਾ, ਅਸੀਂ ਸ਼ੈਤਾਨ ਦੇ ਚੰਗਲ ਤੋਂ ਬਚ ਕੇ ਆਪਣੇ ਆਪ ਨੂੰ ਅੱਗ (ਨਰਕ) ਤੋਂ ਵੀ ਮਹਫੂਜ਼ ਕਰ ਰਹੇ ਹੋਵਾਂਗੇ। ਅਤੇ ਇਹੀ ਉਹ ਅਸਲੀ ਈਦ ਹੈ, ਜਿਸਦੀ ਇੱਕ ਮੋਮੀਨ ਖ਼ਾਹਿਸ਼ ਕਰਦਾ ਹੈ।

ਅਹਿਮਦੀਆ ਮੁਸਲਿਮ ਜਮਾਤ ਭਾਰਤ ਸਾਰੇ ਦੇਸ਼ ਵਾਸੀਆਂ ਨੂੰ ਅਤੇ ਮੁਸਲਿਮ ਭਾਈਚਾਰੇ ਨੂੰ ਈਦ ਦੀ ਮੁਬਾਰਕ ਦਾ ਦਿੱਲੀ ਤੋਹਫਾ ਪੇਸ਼ ਕਰਦੀ ਹੈ ਅਤੇ ਸਾਰੀ ਦੁਨੀਆਂ ਦੇ ਲਈ ਨੇਕ ਤਮੰਨਾਵਾਂ ਪ੍ਰਗਟ ਕਰਦੀ ਹੈ ਅਤੇ ਇਹ ਦੁਆ ਕਰਦੀ ਹੈ ਕਿ

ਅੱਲਾਹ-ਤਾਲਾ ਇਸ ਈਦ ਨੂੰ ਭਾਰਤ ਦੇ ਲਈ ਵਿਸ਼ੇਸ਼ ਤੌਰ ਤੇ ਸਾਰੀ ਦੁਨੀਆਂ ਦੇ ਲਈ ਖੈਰ ਬਰਕਤ ਅਤੇ ਅਮਨ ਸਲਾਮਤੀ ਬਣਾਵੇਂ । ਆਮੀਨ|



**Tariq Ahmad K**
Incharge Press & Media,
Ahmadiyya Muslim Jama'at India.